# ਯੋਗਤਾ ਸਬੰਧੀ ਸਵਾਲ

*(30 ਮਾਰਚ, 2023 ਤੋਂ ਪ੍ਰਭਾਵੀ)*

## **55** ਸਾਲ ਦੀ ਉਮਰ ਤੋਂ ਘੱਟ

1. ਕੀ ਤੁਹਾਡੇ ਕੋਲ ਕਿਸੇ <u>ਚਿਰਕਾਲੀਨ (ਲਗਾਤਾਰ) ਬਿਮਾਰੀ</u> ਦੀ ਨਿਯਮਿਤ ਦੇਖਭਾਲ ਕਰਾਉਣ ਜਾਂ ਯਾਤਰਾ ਵੀਜ਼ਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਡਾਕਟਰੀ ਮੁਲਾਂਕਣ ਕਰਵਾਉਣ ਦੇ ਇਲਾਵਾ <u>ਡਾਕਟਰੀ ਇਲਾਜ</u> ਪ੍ਰਾਪਤ ਕਰਨ ਦਾ ਕੋਈ ਕਾਰਨ ਹੈ?
2. ਜੇਕਰ ਇਸ ਸਮੇਂ ਤੁਸੀਂ ਕੈਨੇਡਾ ਵਿੱਚ ਰਹਿੰਦੇ ਹੋ, ਤਾਂ ਕੀ ਤੁਸੀਂ ਕਦੇ ਕੈਨੇਡਾ ਦੀ ਕਿਸੇ ਦੂਜੀ ਬੀਮਾ ਕੰਪਨੀ ਵੱਲੋਂ ਪੇਸ਼ ਕੀਤੀ ਇਹੋ ਜਿਹੀ ਕਵਰੇਜ ਅਸਵੀਕਾਰ ਕੀਤੀ ਹੈ?
3. ਜੇਕਰ ਇਸ ਸਮੇਂ ਤੁਸੀਂ ਕੈਨੇਡਾ ਵਿੱਚ ਰਹਿੰਦੇ ਹੋ, ਤਾਂ ਕੀ ਤੁਸੀਂ ਕੈਨੇਡਾ ਵਿੱਚ ਰਹਿੰਦੇ ਹੋਏ ਪਿਛਲੇ 12 ਮਹੀਨਿਆਂ ਵਿੱਚ <u>ਡਾਕਟਰੀ ਇਲਾਜ</u> ਵਿੱਚ $5,000 ਖਰਚ ਕੀਤੇ ਹਨ?

## **55** ਅਤੇ **69** ਸਾਲ ਦੇ ਵਿਚਕਾਰ ਉਮਰ

1. ਕੀ ਤੁਹਾਡੇ ਕੋਲ ਕਿਸੇ <u>ਚਿਰਕਾਲੀਨ (ਲਗਾਤਾਰ) ਬਿਮਾਰੀ</u> ਦੀ ਨਿਯਮਿਤ ਦੇਖਭਾਲ ਕਰਾਉਣ ਜਾਂ ਯਾਤਰਾ ਵੀਜ਼ਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਡਾਕਟਰੀ ਮੁਲਾਂਕਣ ਕਰਵਾਉਣ ਦੇ ਇਲਾਵਾ <u>ਡਾਕਟਰੀ ਇਲਾਜ</u> ਪ੍ਰਾਪਤ ਕਰਨ ਦਾ ਕੋਈ ਕਾਰਨ ਹੈ?
2. ਜੇਕਰ ਇਸ ਸਮੇਂ ਤੁਸੀਂ ਕੈਨੇਡਾ ਵਿੱਚ ਰਹਿੰਦੇ ਹੋ, ਤਾਂ ਕੀ ਤੁਸੀਂ ਕਦੇ ਕੈਨੇਡਾ ਦੀ ਕਿਸੇ ਦੂਜੀ ਬੀਮਾ ਕੰਪਨੀ ਵੱਲੋਂ ਪੇਸ਼ ਕੀਤੀ ਇਹੋ ਜਿਹੀ ਕਵਰੇਜ ਅਸਵੀਕਾਰ ਕੀਤੀ ਹੈ?
3. ਜੇਕਰ ਇਸ ਸਮੇਂ ਤੁਸੀਂ ਕੈਨੇਡਾ ਵਿੱਚ ਰਹਿੰਦੇ ਹੋ, ਤਾਂ ਕੀ ਤੁਸੀਂ ਕੈਨੇਡਾ ਵਿੱਚ ਰਹਿੰਦੇ ਹੋਏ ਪਿਛਲੇ 12 ਮਹੀਨਿਆਂ ਵਿੱਚ <u>ਡਾਕਟਰੀ ਇਲਾਜ</u> ਵਿੱਚ $5,000 ਖਰਚ ਕੀਤੇ ਹਨ?
4. ਕੀ ਤੁਸੀਂ:
   a. <u>ਦਿਲ ਦੀ ਬੀਮਾਰੀ</u> ਲਈ <u>ਡਾਕਟਰੀ ਇਲਾਜ</u> ਦੀ ਉਮੀਦ ਕਰ ਰਹੇ ਹੋ;
   b. ਦਿਲ ਦੀ ਸ਼ੱਕੀ ਸਥਿਤੀ ਲਈ ਜਾਂਚ(ਜਾਂਚਾਂ) ਦੀ ਉਡੀਕ ਕਰ ਰਹੇ ਹੋ; ਅਤੇ/ਜਾਂ
   c. ਡਾਇਬਿਟੀਜ਼ ਦਾ ਇਲਾਜ ਕਰਨ ਲਈ ਇੰਸੁਲਿਨ ਲੈਂਦੇ ਹੋਏ <u>ਦਿਲ ਦੀ ਬੀਮਾਰੀ</u> ਲਈ ਨਿਰਧਾਰਨ ਦਵਾਈਆਂ ਲੈ ਰਹੇ ਹੋ?
5. ਕੀ ਤੁਹਾਨੂੰ ਇੰਪਲਾਂਟੇਬਲ ਕਾਰਡਿਓਵਰਟਰ ਡੇਫੀਬ੍ਰਿਲੇਟਰ (Implantable Cardioverter Defibrillator) (ICD) ਹੈ?
6. ਕੀ ਤੁਸੀਂ ਡਾਕਟਰੀ ਨਿਦਾਨ (ਗਸ਼) ਤੋਂ ਬਿਨਾਂ ਇੱਕ ਤੋਂ ਵੱਧ ਵਾਰ ਬੇਹੋਸ਼ ਹੋਏ ਹੋ ਜਾਂ ਡਿੱਗੇ ਹੋ?
7. ਕੀ ਤੁਸੀਂ ਕਿਸੇ <u>ਡਾਕਟਰੀ ਸਥਿਤੀ</u> ਲਈ ਹੋਮ ਆਕਸੀਜਨ ਵਰਤਦੇ ਹੋ?
8. ਕੀ ਤੁਸੀਂ ਫੇਫੜਿਆਂ ਦੀ ਸਥਿਤੀ ਦਾ ਇਲਾਜ ਕਰਨ ਲਈ <u>ਮੂੰਹ ਨਾਲ ਸਟੀਰੋਇਡ</u> ਲੈਂਦੇ ਹੋ?
9. ਕੀ ਕੈਂਸਰ ਲਈ ਤੁਹਾਡਾ ਇਲਾਜ ਕੀਤਾ ਜਾ ਰਿਹਾ ਹੈ ਜਾਂ ਤੁਹਾਨੂੰ ਮੈਟਾਸਟੇਟਿਕ ਕੈਂਸਰ ਹੈ?
10. ਕੀ ਤੁਹਾਨੂੰ ਵੈਸਕਿਉਲਰ ਐਨੇਯੂਰਿਸਮ ਹੈ ਜਿਸਦਾ ਸਰਜਰੀ ਦੇ ਪੱਖੋਂ ਇਲਾਜ ਨਹੀਂ ਹੋਇਆ ਹੈ?
11. ਕੀ ਤੁਹਾਡਾ ਕਦੇ
   a. ਵਾਲਵ ਰੀਪਲੇਸਮੈਂਟ,
   b. ਕਿਡਨੀ (ਗੁਰਦੇ ਸਬੰਧੀ) ਡਾਇਲਾਇਸਿਸ, ਜਾਂ
   c. ਕਿਸੇ ਅੰਗ ਦਾ ਟ੍ਰਾਂਸਪਲਾਂਟ ਹੋਇਆ ਹੈ?
12. ਕੀ ਪਿਛਲੇ ਬਾਰ੍ਹਾਂ (12) ਮਹੀਨਿਆਂ ਵਿੱਚ ਹੇਠਾਂ ਦਿੱਤੀਆਂ ਸਮੱਸਿਆਵਾਂ ਵਿੱਚੋਂ ਕਿਸੇ ਵੀ ਦੇ ਲਈ ਤੁਹਾਡੀ ਤਸ਼ਖੀਸ ਕੀਤੀ ਗਈ, ਕੀ ਤੁਹਾਨੂੰ ਨਵਾਂ <u>ਡਾਕਟਰੀ ਇਲਾਜ</u> ਮਿਲਿਆ ਸੀ (ਉਦਾਹਰਨ ਲਈ ਸਲਾਹ-ਮਸ਼ਵਰਾ, ਟੈਸਟ ਜਾਂ ਤਜਵੀਜ਼ ਕੀਤੀਆਂ ਦਵਾਈਆਂ); ਜਾਂ ਕੀ ਤੁਹਾਡੇ <u>ਡਾਕਟਰੀ ਇਲਾਜ</u> ਵਿੱਚ ਤਬਦੀਲੀ ਕੀਤੀ ਗਈ ਸੀ (ਉਦਾਹਰਨ ਲਈ ਕੌਮਾਡਿਨ (Coumadin) ਜਾਂ ਵਾਰਫਾਰਿਨ (Warfarin) ਦੀ ਖੁਰਾਕ ਬਦਲਣ ਦੇ ਇਲਾਵਾ ਕਿਸੇ ਤਜਵੀਜ਼ ਕੀਤੀ ਦਵਾਈ ਨੂੰ ਬੰਦ ਕਰਨਾ, ਸ਼ੁਰੂ ਕਰਨਾ ਜਾਂ ਉਸਦੀ ਖੁਰਾਕ ਨੂੰ ਬਦਲਣਾ):
   a. ਕੋਨਜੈਸਟਿਵ ਹਾਰਟ ਫੇਲ ਹੋਣਾ
   b. ਐਟਰਿਅਲ ਫਲੱਟਰ
   c. ਐਟਰਿਅਲ/ਵੈਂਟਰੀਕਿਉਲਰ ਫਿਬਰਿਲੇਸ਼ਨ
   d. ਪੈਰੀਫੇਰਲ ਵੈਸਕਿਉਲਰ ਰੋਗ
   e. ਸਟ੍ਰੋਕ/ਟ੍ਰੈਜ਼ੀਐਂਟ ਇਸਕੈਮਿਕ ਅਟੈਕ (TIA)
   f. ਐਕਵਾਇਰਡ ਇਮਿਊਨ ਡੈਫੀਸ਼ੀਐਂਸੀ ਸਿੰਡਰੋਮ (AIDS)
   g. <u>ਆਖਰੀ ਦੌਰ ਦੀ ਬੀਮਾਰੀ</u>
   h. ਖ਼ੂਨ ਦਾ ਗਤਲਾ(ਗਤਲੇ)
   i. ਗੈਸਟ੍ਰੋਇਨਟੈਸਟਾਈਨਲ ਬਲੀਡਿੰਗ

## **70** ਅਤੇ **79** ਸਾਲ ਦੇ ਵਿਚਕਾਰ ਉਮਰ

ਤੁਹਾਡੇ ਲਈ ਹੇਠਾਂ ਦਿੱਤੇ ਸਵਾਲ ਸਮੇਤ, **55** ਅਤੇ **69** ਸਾਲ ਦੇ ਵਿਚਕਾਰ ਉਮਰ ਵਾਲੇ ਬਿਨੈਕਾਰਾਂ ਲਈ ਸਾਰੇ ਸਵਾਲਾਂ ਦਾ ਜਵਾਬ "ਨਹੀਂ" ਵਿੱਚ ਦੇਣਾ ਲਾਜ਼ਮੀ ਹੈ।

1. ਕੀ ਤੁਹਾਨੂੰ ਰੋਜ਼ਾਨਾ <u>ਜ਼ਿੰਦਗੀ ਦੀਆਂ ਗਤੀਵਿਧੀਆਂ (ADL)</u> ਲਈ ਕਿਸੇ ਦੂਜੇ ਵਿਅਕਤੀ(ਆਂ) ਤੋਂ ਸਹਾਇਤਾ ਦੀ ਲੋੜ ਹੈ?

### ਮਹੱਤਵਪੂਰਣ

*ਇਹ ਨਿਰਧਾਰਤ ਕਰਨ ਲਈ ਪਾਤਰਤਾ ਸਬੰਧੀ ਸਵਾਲ ਕਿ ਜੇਕਰ ਕੋਈ ਬਿਨੈਕਾਰ GMS ਇਮੀਗ੍ਰੈਂਟਸ ਐਂਡ ਵਿਜ਼ੀਟਰਸ ਟੂ ਕੈਨੇਡਾ ਪਲਾਨ ਖਰੀਦ ਸਕਦਾ ਹੈ। ਬਿਨੈਕਾਰਾਂ ਲਈ ਲਾਜ਼ਮੀ ਹੈ ਕਿ ਉਹ ਸਾਰੇ ਸਵਾਲਾਂ ਦੇ ਸਹੀ ਤੌਰ 'ਤੇ ਜਵਾਬ "ਨਹੀਂ" ਵਿੱਚ ਦੇਣ। ਸਵਾਲ ਬਿਨੈਕਾਰ ਦੀ ਉਮਰ ਤੇ ਆਧਾਰਿਤ ਹੁੰਦੇ ਹਨ।*

***ਕੁਝ ਸ਼ਬਦਾਂ ਦੇ ਕਾਫੀ ਖ਼ਾਸ ਅਰਥ ਹਨ। ਉਹ ਸ਼ਬਦ <u>ਅੰਡਰਲਾਈਨ</u> ਕੀਤੇ ਹੋਏ ਹਨ ਅਤੇ ਉਹਨਾਂ ਦੀ ਪਰਿਭਾਸ਼ਾ ਹੈ।***

GROUP MEDICAL SERVICES ਕਾਪੀਰਾਈਟ 2023 © ਸਾਰੇ ਹੱਕ ਰਾਖਵੇਂ ਹਨ। Group Medical Services ਸਸਕੈਚੇਵਨ ਤੋਂ ਬਾਹਰ ਦੇ ਸੂਬਿਆਂ ਵਿੱਚ GMS Insurance Inc. ਲਈ ਕੰਮਕਾਜੀ ਨਾਮ ਹੈ। ਮਾਲੀ ਜ਼ਿੰਮੇਵਾਰੀ Group Medical Services ਵਲੋਂ ਲਈ ਜਾਂਦੀ ਹੈ। ਉਤਪਾਦ ਕਿਉਬੇਕ, ਨਿਊ ਬ੍ਰੰਸਵਿਕ ਅਤੇ ਨੂਨਾਵਟ ਵਿੱਚ ਉਪਲਬਧ ਨਹੀਂ ਹਨ।
® GMS ਲੋਗੋ Group Medical Services ਦਾ ਰਜਿਸਟਰਡ ਟ੍ਰੇਡਮਾਰਕ ਹੈ। 30MAR23 Punjabi ਜੇ ਪੰਜਾਬੀ ਸਮੱਗਰੀ ਅੰਗਰੇਜ਼ੀ ਨਾਲੋਂ ਵੱਖਰੀ ਹੈ ਤਾਂ ਅੰਗਰੇਜ਼ੀ ਸੰਸਕਰਣ ਨੂੰ ਮੰਨਿਆ ਜਾਵੇਗਾ। ਕਿਰਪਾ ਕਰਕੇ ਵੇਰਵਿਆਂ ਲਈ ਬੀਮਾ ਪਾਲਿਸੀ ਦੀ ਸ਼ਬਦਾਵਲੀ ਦੇਖੋ। ਸਾਰੀਆਂ ਸੇਵਾਵਾਂ ਅਤੇ ਪ੍ਰਸ਼ਾਸਨ ਸਹਾਇਤਾ ਅੰਗਰੇਜ਼ੀ ਵਿੱਚ ਮੁਹੱਈਆ ਕੀਤੀਆਂ ਜਾਂਦੀਆਂ ਹਨ। GMS ਯਾਤਰਾ ਸਹਾਇਤਾ ਸੇਵਾ ਕਈ ਭਾਸ਼ਾਵਾਂ ਵਿੱਚ ਟੈਲੀਫੋਨ 'ਤੇ ਦੁਭਾਸ਼ੀਆ ਸੇਵਾਵਾਂ ਪੇਸ਼ ਕਰਦੀ ਹੈ।

# ਯੋਗਤਾ ਸਬੰਧੀ ਸਵਾਲ: ਪਰਿਭਾਸ਼ਿਤ ਸ਼ਬਦ

*(30 ਮਾਰਚ, 2023 ਤੋਂ ਪ੍ਰਭਾਵੀ)*

## ਰੋਜ਼ਾਨਾ ਜ਼ਿੰਦਗੀ ਦੀਆਂ ਗਤੀਵਿਧੀਆਂ (ADL)

ਗਤੀਵਿਧੀਆਂ ਜਿਵੇਂ ਕਿ ਨਿੱਜੀ ਸਾਫ਼-ਸਫ਼ਾਈ ਅਤੇ ਤਿਆਰ ਹੋਣਾ; ਕੱਪੜੇ ਪਹਿਨਣੇ ਅਤੇ ਉਤਾਰਨੇ; ਖ਼ੁਦ ਭੋਜਨ ਖਾਣਾ; ਕਾਰਜਾਤਮਕ ਟ੍ਰਾਂਸਫਰ (ਬਿਸਤਰੇ ਤੋਂ ਨਿਕਲਣਾ ਅਤੇ ਵੜ੍ਹਨਾ, ਵ੍ਹੀਲਚੇਅਰ ਜਾਂ ਟੌਇਲਟ 'ਤੇ ਬੈਠਣਾ ਜਾਂ ਇਸ ਤੋਂ ਉੱਠਣਾ, ਆਦਿ); ਅਤੇ ਟੱਟੀ ਅਤੇ/ਜਾਂ ਪਿਸ਼ਾਬ ਦਾ ਪ੍ਰਬੰਧਨ ਜਿਸਦੇ ਲਈ ਤੁਹਾਨੂੰ ਰੋਜ਼ਾਨਾ ਦੀ ਸਹਾਇਤਾ ਦੀ ਲੋੜ ਹੈ।

## ਚਿਰਕਾਲੀਨ (ਲਗਾਤਾਰ) ਬਿਮਾਰੀ

ਅਜਿਹੀ ਬਿਮਾਰੀ ਹੁੰਦੀ ਹੈ ਜੋ ਲੰਬੀ ਸਮਾਂ ਮਿਆਦ ਤੱਕ ਰਹਿੰਦੀ ਹੈ ਜਾਂ ਜਿਸਦੇ ਲੰਬੀ ਸਮਾਂ ਮਿਆਦ ਤੱਕ ਰਹਿਣ ਦੀ ਉਮੀਦ ਹੁੰਦੀ ਹੈ।

## ਦਿਲ ਦੀ ਬੀਮਾਰੀ

ਦਿਲ ਦੀ ਬਿਮਾਰੀ: ਦਿਲ ਦੀ ਕੋਈ ਵੀ ਬਿਮਾਰੀ, ਜਿਸ ਵਿੱਚ ਇਹ ਸ਼ਾਮਲ ਹਨ ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ: ਐਨਜਾਈਨਾ (ਛਾਤੀ ਵਿੱਚ ਹੋਣ ਵਾਲਾ ਤੇਜ਼ ਦਰਦ), ਦਿਲ ਦੀ ਅਨਿਯਮਿਤ ਧੜਕਣ, ਦਿਲ ਦਾ ਦੌਰਾ, ਕੋਨਜੈਸਟਿਵ ਦਿਲ ਦਾ ਫੇਲ ਹੋਣਾ, ਇਸਕੈਮਿਕ ਦਿਲ ਦੀ ਬਿਮਾਰੀ, ਵਾਲਵਿਉਲਰ ਦਿਲ ਦੀ ਬਿਮਾਰੀ ਅਤੇ ਮਾਇਓਕਾਰਡਿਓਪੈਥੀ। ਦਿਲ ਦੀ ਬਿਮਾਰੀ ਵਿੱਚ ਹਾਈਪਰਟੈਨਸ਼ਨ ਜਾਂ ਉੱਚ ਕਲੈਸਟ੍ਰੋਲ ਸ਼ਾਮਲ ਨਹੀਂ ਹੁੰਦਾ।

## ਡਾਕਟਰੀ ਸਮੱਸਿਆ

ਤੁਹਾਡੀ ਸਿਹਤ ਵਿੱਚ ਕੋਈ ਵੀ ਅਨਿਯਮਿਤਤਾਵਾਂ ਜਿਵੇਂ ਕਿ ਬਿਮਾਰੀ, ਸੱਟ ਜਾਂ ਭਾਵਨਾਤਮਕ, ਮਨੋਵਿਗਿਆਨਕ ਜਾਂ ਮਨੋਰੋਗ ਸੰਬੰਧੀ ਸਮੱਸਿਆ(ਵਾਂ)।

a. ਜਿਸਦੇ ਲਈ ਤੁਹਾਨੂੰ ਡਾਕਟਰੀ ਇਲਾਜ ਮਿਲਦਾ ਹੈ ਜਾਂ ਡਾਕਟਰੀ ਸਮੱਸਿਆ;

b. ਤਸ਼ਖ਼ੀਸ ਨਾ ਕੀਤੇ ਗਏ ਲੱਛਣਾਂ ਨਾਲ ਸੰਬੰਧਿਤ ਜਿਸਦੇ ਲਈ ਤੁਹਾਨੂੰ ਡਾਕਟਰੀ ਸਲਾਹ ਮਿਲੀ ਹੈ; ਜਾਂ

c. ਤਸ਼ਖ਼ੀਸ ਨਾ ਕੀਤੇ ਗਏ ਲੱਛਣਾਂ ਨਾਲ ਸੰਬੰਧਿਤ ਜਿਸਦੇ ਕਾਰਨ ਕਿਸੇ ਆਮ ਵਿਅਕਤੀ ਨੇ ਡਾਕਟਰੀ ਇਲਾਜ ਕਰਵਾਇਆ ਹੁੰਦਾ ਜਾਂ ਡਾਕਟਰੀ ਸਲਾਹ ਲਈ ਹੁੰਦੀ।

## ਡਾਕਟਰੀ ਇਲਾਜ

ਕਿਸੇ ਚਿਕਿਤਸਕ ਵੱਲੋਂ ਕਿਸੇ ਵੀ ਰੂਪ ਵਿੱਚ ਤਜਵੀਜ਼ ਕੀਤਾ ਜਾਂ ਸਿਫਾਰਿਸ਼ ਕੀਤਾ ਕੋਈ ਡਾਕਟਰੀ, ਥੈਰੇਪਿਉਟਿਕ ਜਾਂ ਨਿਦਾਨ ਸਬੰਧੀ ਉਪਾਅ, ਜਿਸ ਵਿੱਚ ਸ਼ਾਮਲ ਹੈ; ਦਵਾਈ ਦੀ ਤਜਵੀਜ਼; ਜਾਂਚ ਸਬੰਧੀ ਪਰੀਖਣ; ਹਸਪਤਾਲ ਵਿੱਚ ਦੇਖਭਾਲ; ਸਰਜਰੀ; ਜਾਂ ਲਾਗੂ ਸਥਿਤੀ, ਲੱਛਣ ਜਾਂ ਸਮੱਸਿਆ ਨਾਲ ਸਿੱਧੇ ਰੈਫਰ ਕਰਨ ਯੋਗ ਹੋਰ ਤਜਵੀਜ਼ ਕੀਤੀ ਜਾਂ ਸਿਫਾਰਿਸ਼ ਕੀਤੀ ਕਾਰਵਾਈ।

## ਮੂੰਹ ਨਾਲ ਲੈਣ ਵਾਲੇ ਸਟੀਰੋਇਡ

ਮੂੰਹ ਨਾਲ ਲੈਣ ਵਾਲੇ ਸਟੀਰੋਇਡ ਉਹ ਸਟੀਰੋਇਡ ਹਨ, ਜਿਹਨਾਂ ਨੂੰ ਫੇਫੜਿਆਂ ਦੀ ਸਥਿਤੀ ਦਾ ਇਲਾਜ ਕਰਨ ਲਈ ਨਿਗਲਿਆ ਜਾਂਦਾ ਹੈ। ਇਹਨਾਂ ਵਿੱਚ ਉਹ ਸਟੀਰੋਇਡ ਸ਼ਾਮਲ ਨਹੀਂ ਹਨ, ਜੋ ਦਮੇ ਦੇ ਦੌਰਿਆਂ ਨੂੰ ਰੋਕਣ ਲਈ ਜਾਂ ਹਵਾ ਆਉਣ-ਜਾਣ ਦੇ ਰਾਹ ਦੀ ਸੋਜਸ਼ ਦਾ ਅਸਥਾਈ ਤੌਰ ਤੇ ਇਲਾਜ ਕਰਨ ਅਤੇ ਅਰਾਮ ਦੇਣ ਲਈ ਸਾਹ ਰਾਹੀਂ ਅੰਦਰ ਖਿੱਚੇ ਜਾਂਦੇ ਹਨ।

## ਨਿਯਮਤ ਦੇਖਭਾਲ

ਡਾਕਟਰੀ ਇਲਾਜ ਜਾਂ ਡਾਕਟਰੀ ਸਲਾਹ-ਮਸ਼ਵਰਾ ਜੋ ਕਿ ਮੈਡੀਕਲ ਐਮਰਜੈਂਸੀ ਨਹੀਂ ਹੈ। ਇਸ ਵਿੱਚ ਇਹ ਸ਼ਾਮਲ ਹਨ ਪਰ ਇਹਨਾਂ ਤੱਕ ਸੀਮਿਤ ਨਹੀਂ ਹਨ: ਨਿਯਮਤ ਜਾਂ ਆਮ ਸਰੀਰਕ ਮੁਆਇਨਾ ਅਤੇ/ਜਾਂ ਡਾਕਟਰੀ ਜਾਂਚ, ਨੁਸਖ਼ੇ ਵਾਲੀਆਂ ਦਵਾਈਆਂ ਦੀ ਵਰਤੋਂ, ਨਿਯਮਤ ਤੌਰ 'ਤੇ ਖ਼ੂਨ ਦੀ ਜਾਂਚ, ਜਾਂ ਟੈਸਟ।

## ਆਖਰੀ ਦੌਰ ਦੀ ਬੀਮਾਰੀ

ਅਜਿਹੀ ਬੀਮਾਰੀ, ਜਿਸਦਾ ਇਲਾਜ ਨਹੀਂ ਹੋ ਸਕਦਾ ਅਤੇ ਵਾਜਬ ਤੌਰ ਤੇ ਮੌਤ ਹੋਣ ਦੀ ਹੀ ਸੰਭਾਵਨਾ ਹੁੰਦੀ ਹੈ।

GROUP MEDICAL SERVICES ਕਾਪੀਰਾਈਟ 2023 © ਸਾਰੇ ਹੱਕ ਰਾਖਵੇਂ ਹਨ। Group Medical Services ਸਸਕੈਚੇਵਨ ਤੋਂ ਬਾਹਰ ਦੇ ਸੂਬਿਆਂ ਵਿੱਚ GMS Insurance Inc. ਲਈ ਕੰਮਕਾਜੀ ਨਾਮ ਹੈ। ਮਾਲੀ ਜ਼ਿੰਮੇਵਾਰੀ Group Medical Services ਵਲੋਂ ਲਈ ਜਾਂਦੀ ਹੈ। ਉਤਪਾਦ ਕਿਉਬੇਕ, ਨਿਉ ਬ੍ਰਨਸਵਿਕ ਅਤੇ ਨੁਨਾਵਟ ਵਿੱਚ ਉਪਲਬਧ ਨਹੀਂ ਹਨ।
® GMS ਲੋਗੋ Group Medical Services ਦਾ ਰਜਿਸਟਰਡ ਟ੍ਰੇਡਮਾਰਕ ਹੈ। 30MAR23 Punjabi ਜੇ ਪੰਜਾਬੀ ਸਮੱਗਰੀ ਅੰਗਰੇਜ਼ੀ ਨਾਲੋਂ ਵੱਖਰੀ ਹੈ ਤਾਂ ਅੰਗਰੇਜ਼ੀ ਸੰਸਕਰਣ ਨੂੰ ਮੰਨਿਆ ਜਾਵੇਗਾ। ਕਿਰਪਾ ਕਰਕੇ ਵੇਰਵਿਆਂ ਲਈ ਬੀਮਾ ਪਾਲਿਸੀ ਦੀ ਸ਼ਬਦਾਵਲੀ ਦੇਖੋ। ਸਾਰੀਆਂ ਸੇਵਾਵਾਂ ਅਤੇ ਪ੍ਰਸ਼ਾਸਨ ਸਹਾਇਤਾ ਅੰਗਰੇਜ਼ੀ ਵਿੱਚ ਮੁਹੱਈਆ ਕੀਤੀਆਂ ਜਾਂਦੀਆਂ ਹਨ। GMS ਯਾਤਰਾ ਸਹਾਇਤਾ ਸੇਵਾ ਕਈ ਭਾਸ਼ਾਵਾਂ ਵਿੱਚ ਟੈਲੀਫੋਨ 'ਤੇ ਦੁਭਾਸ਼ੀਆ ਸੇਵਾਵਾਂ ਪੇਸ਼ ਕਰਦੀ ਹੈ।